# मैं तां जाना दरबार नूं

ਚਿੱਠੀਆਂ ਨੇ, ਮਈਆ ਦੀਆਂ 'ਆਈਆਂ ਭਗਤੋ ॥',
ਮੈਂ ਤਾਂ ਜਾਣਾ ਦਰਬਾਰ ਨੂੰ ॥
ਚੜ੍ਹ ਚੜ੍ਹ, ਕਠਿਨ 'ਚੜ੍ਹਾਈਆਂ ਭਗਤੋ ॥',
ਮੈਂ ਤਾਂ ਜਾਣਾ ਦਰਬਾਰ ਨੂੰ ।
ਚਿੱਠੀਆਂ ਨੇ, ਮਈਆ ਦੀਆਂ,,,,,,,,,,,,,
( ਜੀ )
ਬਾਣ ਗੰਗਾ ਦਾ, "ਨਿਰਮਲ ਪਾਣੀ ਏ" ।
ਚਰਨ ਪਾਦੁਕਾ, "ਚਰਨ ਨਿਸ਼ਾਨੀ ਏ" ॥
ਰਾਹ ਵਿੱਚ, ਅੱਖੀਆਂ 'ਵਿਛਾਈਆਂ ਭਗਤੋ ॥',
ਮੈਂ ਤਾਂ ਜਾਣਾ ਦਰਬਾਰ ਨੂੰ,,,
ਚਿੱਠੀਆਂ ਨੇ, ਮਈਆ ਦੀਆਂ,,,,,,,,,,,,,
( ਜੀ )
ਢੋਲ ਤੇ ਨਗਾੜਿਆਂ ਦੀ, "ਵੱਜੇ ਮਿੱਠੀ ਤਾਂਨ ਏ" ।
ਸੂਹੇ ਸੂਹੇ ਝੰਡੀਆਂ ਦੀ, "ਸੱਜੇ ਸੋਹਣੀ ਸ਼ਾਨ ਏ" ॥
ਸਭ ਨੇ ਹੈ, ਖੁਸ਼ੀਆਂ 'ਮਨਾਈਆਂ ਭਗਤੋ ॥',
ਮੈਂ ਤਾਂ ਜਾਣਾ ਦਰਬਾਰ ਨੂੰ,,,
ਚਿੱਠੀਆਂ ਨੇ, ਮਈਆ ਦੀਆਂ,,,,,,,,,,,,,
( ਜੀ )
ਆਧ ਕੁਵਾਰੀ ਪਹੁੰਚੀ, "ਸੰਗਤ ਦੇਖੋ ਸਾਰੀ ਏ" ।
ਸਾਂਝੀ ਛੱਤ ਵਾਲੀ ਕੀਤੀ, "ਸਭਨੇ ਤਿਆਰੀ ਏ" ॥
ਹਾਥੀ ਮੱਥੇ ਚੜ੍ਹ ਤੂੰ, 'ਜੈ ਜੈ ਬੋਲਕੇ ॥',
ਮੈਂ ਤਾਂ ਜਾਣਾ ਦਰਬਾਰ ਨੂੰ,,,
ਚਿੱਠੀਆਂ ਨੇ, ਮਈਆ ਦੀਆਂ,,,,,,,,,,,,,
( ਜੀ )
ਦੇਖੋ ਦੇਖੋ ਸਾਹਮਣੇ ਬਈ, "ਮੰਦਿਰ ਸ਼ੇਰਾਂਵਾਲੀ ਦਾ"
ਪਿੰਡੀਆਂ ਦਾ ਰੂਪ ਸੱਜੇ, "ਮਾਤਾ ਮੇਹਰਾਂਵਾਲੀ ਦਾ" ॥
ਕੈਲਾਸ਼ ਨਾਥ, ਭੇਟਾਂ ਸਭ 'ਗਾਈਆਂ ਭਗਤੋ ॥',
ਮੈਂ ਤਾਂ ਜਾਣਾ ਦਰਬਾਰ ਨੂੰ,,,
ਚਿੱਠੀਆਂ ਨੇ, ਮਈਆ ਦੀਆਂ,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/27471/title/main-ta-jana-darbaar-nu

अपने Android मोबाइल पर BhajanGanga App डाउनलोड करें और भजनों का आनंद ले |